# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 17 ਜਨਵਰੀ 2026 ਦਿਨ ਸ਼ਨੀਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡੇਰਾ ਸੱਚਖੰਡ ਦੁੱਧਾਧਾਰੀ ਈਸਪੁਰ ਵਿਖ਼ੇ ਮਾਘੀ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ

### ਬ੍ਰਹਮਲੀਨ 108 ਸੰਤ ਮੰਗਲ ਦਾਸ ਜੀ ਦੀ ਯਾਦ ਨੂੰ ਸਮਰਪਿਤ ਲਗਾਏ ਖੂਨ ਦਾਨ ਕੈਂਪ ਵਿੱਚ ਅਨੇਕਾਂ ਹੀ ਨੌਜਵਾਨਾਂ ਖ਼ੂਨਦਾਨ ਕੀਤਾ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ

ਈਸਪੁਰ 17 ਜਨਵਰੀ : ਡੇਰਾ ਸ੍ਰੀ 108 ਸੰਤ ਬਾਬਾ ਬਸਾਉ ਦਾਸ ਜੀ ਸੱਚਖੰਡ ਦੁੱਧਾਧਾਰੀ ਅਤੇ ਸੰਤ ਬਾਬਾ ਮੰਗਲ ਦਾਸ ਜੀ ਪਿੰਡ ਈਸਪੁਰ ਵਿਖੇ ਮਿਤੀ 14 ਜਨਵਰੀ, 2026 ਦਿਨ ਬੁੱਧਵਾਰ ਨੂੰ ਸੰਤ ਬੀਬੀ ਪ੍ਰਕਾਸ਼ ਕੌਰ ਜੀ ਅਤੇ ਡੇਰਾ ਸੰਚਾਲਕ ਸ੍ਰੀ 108 ਸੰਤ





ਹਰਵਿੰਦਰ ਦਾਸ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਾਘੀ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਕੀਰਤਨੀ ਅਤੇ ਰਾਗੀ ਜੱਥਿਆਂ ਤੇ ਸੰਤ-ਮਹਾਪੁਰਸ਼ਾਂ ਵੱਲੋਂ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਤਰਸੇਮ ਲਾਲ ਜੇ.ਈ. ਨੇ ਨਿਭਾਈ। ਸੰਗਤਾਂ ਨੂੰ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮਾਘੀ ਸਲਾਨਾ ਜੋੜ ਮੇਲੇ ਮੌਕੇ ਬ੍ਰਹਮਲੀਨ 108 ਸੰਤ ਮੰਗਲ ਦਾਸ ਜੀ ਦੀ ਯਾਦ ਨੂੰ ਸਮਰਪਿਤ ਲਗਾਏ ਖੂਨ ਦਾਨ ਕੈਂਪ ਵਿੱਚ ਅਨੇਕਾਂ ਹੀ ਨੌਜਵਾਨਾਂ ਨੇ ਖ਼ੂਨਦਾਨ ਕੀਤਾ।

## ਜੋਤਸ਼ੀ ਦੇ ਹੈਂਡਬਿਲ ਵਿੱਚ ਕੀਤੇ ਦਾਅਵਿਆਂ ਦੀ ਖੋਲ੍ਹੀ ਪੋਲ

### ਜੋਤਿਸ਼ ਤੇ ਵਾਸਤੂਸ਼ਾਸਤਰ ਗੈਰ ਵਿਗਿਆਨਕ ,ਕੋਈ ਵੀ ਗੱਲ ਅਨੁਭਵ ਤੇ ਤਰਕ ਦੀ ਕਸੌਟੀ ਤੇ ਪਰਖ ਕੇ ਮੰਨੋ –ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਭੋਲੀ ਭਾਲੀ ਜਨਤਾ ਨੂੰ ਲੁੱਟਣ ਵਾਲਿਆਂ ਦੀ ਇਸ ਦੇਸ਼ ਵਿੱਚ ਕੋਈ ਘਾਟ ਨਹੀਂ ਹੈ।ਅਖੌਤੀ ਬਾਬੇ,ਤਾਂਤਰਿਕ, ਪਾਂਡੇ,ਜੋਤਸ਼ੀਆਂ,ਵਾਸਤੂਸਾਸਤਰੀਆਂ ਆਦਿ ਨੇ ਲੋਕਾਂ ਨੂੰ ਲੁੱਟਣ ਲਈ ਜਾਲ ਵਿਛਾਇਆ ਹੋਇਆ ਹੈ।ਇਨ੍ਹਾਂ ਆਪਣੀ ਲੁੱਟ ਨੂੰ ਤੇਜ਼ ਕਰਨ ਲਈ ਵਿਗਿਆਨਿਕ ਖੋਜਾਂ ਟੀ ਵੀ ਚੈਨਲਾ, ਕੇਬਲਾਂ, ਕੰਪਿਊਟਰਾਂ,ਮੋਬਾਇਲਾਂ ਤੇ ਪ੍ਰਿੰਟ ਮੀਡੀਆ ਦੀ ਪੂਰੀ ਵਰਤੋਂ ਕਰ ਰਹੇ ਹਨ।ਸਵੇਰੇ ਸਵੇਰ ਚੈਨਲਾਂ ਉਤੇ ਰਾਸ਼ੀਫਲ ਅਤੇ ਵੱਖ ਵੱਖ ਤਰਾਂ ਦੇ ਵਹਿਮ-ਭਰਮ ਫੈਲਾ ਕੇ ਸ਼ਨੀ,ਰਾਹੂ ਕੇਤੂ ਗ੍ਰਿਹਾਂ ਦਾ ਡਰ ਪਾਉਂਦੇ ਹੋਏ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਕਰਨ ਲਈ ਨਗ, ਮੂੰਗੇ,ਕਵਚ ਆਦਿ ਵੇਚ ਰਹੇ ਹੁੰਦੇ ਹਨ।ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਾ ਹੋਣ ਕਾਰਨ,ਉਹ ਛੇਤੀ ਭਰਮਾਏ ਜਾਂਦੇ ਤੇ ਲੁੱਟ ਦਾ ਸ਼ਿਕਾਰ ਹੋ ਜਾਂਦੇ ਹਨ

ਕਈ ਸਾਲ ਪਹਿਲਾਂ ਦੀ ਗੱਲ ਹੈ ਅਸੀਂ ਤਰਕਸ਼ੀਲ ਸਾਥੀ ਸੰਗਰੂਰ ਵਿਖੇ ਇੱਕ ਮਰਗ ਤੇ ਇੱਕਠੇ ਸੀ, ਸੂਬਾ ਆਗੂ ਵੀ ਸਾਡੇ ਨਾਲ ਸਨ। ਉਸ ਸਮੇਂ ਕਈ ਜੋਤਸ਼ੀਆਂ ਨੇ ਲੀਫਲੈਟ ਵੰਡੇ ਹੋਏ ਸੀ ਤੇ ਉਨ੍ਹਾਂ ਦਾ ਕੇਬਲ ਟੀਵੀ ਤੇ ਪ੍ਰਚਾਰ ਚਲ ਰਿਹਾ ਸੀ ਕਿ ਇਹ ਲੋਕਾਂ ਦਾ ਬੀਤਿਆ ਸਮਾਂ,ਵਰਤਮਾਨ ਤੇ ਭਵਿੱਖ ਦੱਸਦੇ ਹਨ,ਉਪਰੋਕਤ ਦੱਸੀਆਂ ਸਾਰੀਆਂ ਸਮੱਸਿਆ, ਬੀਮਾਰੀਆਂ/ ਸੰਕਟਾਂ ਦਾ ਹੱਲ ਕਰਦੇ ਹਨ.ਸੋ ਅਸੀਂ ਇਕੱਠੇ ਹੋਏ ਸਾਥੀਆਂ ਸਲਾਹ ਕੀਤੀ ਕਿ ਜੋਤਸ਼ੀਆਂ ਦੇ ਦਾਅਵਿਆਂ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਂਦੀ ਜਾਵੇ। ਅਸੀਂ ਸਾਰੇ ਸਾਥੀ ਜਿਨ੍ਹਾਂ ਵਿੱਚ ਲੈਕਚਰਾਰ ਕ੍ਰਿਸ਼ਨ ਸਿਘ, ਡਾਕਟਰ ਅਵਤਾਰ ਸਿੰਘ, ਜਸਵੀਰ ਸਿੰਘ, ਚਮਕੌਰ ਸਿੰਘ, ਸੰਤੋਸ਼ ਪਟਵਾਰੀ,ਸਵਰਨਜੀਤ ਸਿੰਘ, ਮਨਧੀਰ ਸਿੰਘ, ਰਜਿੰਦਰ ਭਦੌੜ ਤੇ ਮੇਰੇ (ਪਰਮਵੇਦ )ਸਮੇਤ ਸਾਰੇ ਇਕੱਠੇ ਹੋ ਕੇ ਕੌਲਾ ਪਾਰਕ ਦੇ ਸਾਹਮਣੇ ਇੱਕ ਜੋਤਸ਼ੀ ਦੀ ਦੁਕਾਨ ਦੇ ਸਾਹਮਣੇ ਇਕੱਠੇ ਹੋ ਗਏ. ਅਸੀਂ ਦੋ ਸਾਥੀਆਂ ਨੂੰ ਜੋਤਸ਼ੀ ਕੋਲ ਭੇਜਣ ਦਾ ਫੈਸਲਾ ਕੀਤਾ। ਪਹਿਲਾਂ ਇੱਕ ਕੁੜੀ ਦੇ ਪਿਤਾ ਪਟਵਾਰੀ ਨੂੰ ।ਉਸ ਨੂੰ ਸਾਰੀ ਗਲ ਸਮਝਾਈ ਗਈ ਕਿ ਕੀ ਕਹਿਣਾ, ਕੀ ਪੁੱਛਣਾ ਹੈ। ਉਹ ਉਪਰ ਜੋਤਸ਼ੀ ਕੋਲ ਗਿਆ, 50/-ਰੁਪਏ ਫੀਸ ਭਰੀ ਤੇ ਕਹਿੰਦਾ, "ਜੋਤਸ਼ੀ ਜੀ ਮੈਂ ਡਬਲ ਐਮ ਏ ਹਾਂ, ਵਧੀਆ ਨੰਬਰਾਂ ਨਾਲ ਪਾਸ ਕੀਤੀ ਹੈ, ਸਰਕਾਰੀ ਨੌਕਰੀ ਨਹੀਂ ਮਿਲ ਰਹੀ, ਜੰਤਰੀ ਦੇਖ ਕੇ ਦੱਸੋ ਕਿ ਮੇਰੀ ਕਿਸਮਤ ਵਿੱਚ ਸਰਕਾਰੀ ਨੌਕਰੀ ਹੈ ,ਜੇ ਹੈ ,ਤਾਂ ਕਦੋਂ ਮਿਲੇਗੀ?" ਜੋਤਸ਼ੀ ਜੀ ਨੇ ਪੱਤਰੀ ਦੇਖ ਕੇ ਕਿਹਾ," ਤੇਰੀ ਕਿਸਮਤ ਵਿੱਚ ਸਰਕਾਰੀ ਨੌਕਰੀ ਨਹੀਂ, ਪ੍ਰਾਈਵੇਟ ਨੌਕਰੀ ਕਰ ਲੈ । ਪੈਸੇ ਕਮਾਉਣ ਦਾ ਉਪਾਅ ਕਰ ਦੇਵਾਂਗੇ। " ਪਟਵਾਰੀ ਨੇ ਜੋਤਸ਼ੀ ਤੋਂ ਦੂਜੀ ਪੁੱਛ ਰੱਖੀ, ਕਿਹਾ," ਮੇਰਾ ਵਿਆਹ ਹੋਏ ਨੂੰ ਚਾਰ ਸਾਲ ਹੋ ਗਏ ਹਨ ਅਜੇ ਤਕ ਔਲਾਦ ਦੀ ਪ੍ਰਾਪਤੀ ਨਹੀਂ ਹੋਈ ।ਦੱਸੋ ਮੇਰੀ ਕਿਸਮਤ ਵਿੱਚ ਔਲਾਦ ਹੈ।" ਜੋਤਸ਼ੀ ਨੇ ਕਿਹਾ ,"ਤੇਰੀ ਕਿਸਮਤ ਵਿੱਚ ਔਲਾਦ ਹੈ, ਪਹਿਲਾ ਬੱਚਾ ਲੜਕਾ ਹੋਵੇਗਾ।ਇਸ ਲਈ ਉਪਾਅ ਕਰਨਾ ਪਵੇਗਾ।" ਖਰਚਾ ਪੁੱਛਣ ਤੇ ਜੋਤਸ਼ੀ ਜੀ ਨੇ 5000/- ਰੁਪਏ ਕਿਹਾ। ਇਸ ਤੋਂ ਬਾਅਦ ਪਟਵਾਰੀ ਜੀ ਵਾਪਸ ਸਾਡੇ ਕੋਲ ਆ ਗਏ ਤੇ ਸਾਰੀ ਰਿਪੋਰਟਿੰਗ ਕੀਤੀ। ਉਸ ਤੋਂ ਬਾਅਦ ਅਸੀਂ ਦੂਜਾ ਸਾਥੀ ਭੇਜਿਆ ਜਿਹੜਾ ਅਣਵਿਆਹਿਆ ਸੀ।ਉਸ ਨੂੰ ਸਾਰੀ ਗਲ ਸਮਝਾ ਕੇ ਭੇਜਿਆ।ਉਸ ਨੇ ਵੀ ਦਾਖਲੇ ਦੀ ਪਰਚੀ ਫੀਸ ਦੇ 50/- ਰੁਪਏ ਦਿਤੇ ਤੇ ਜੋਤਸ਼ੀ ਜੀ ਨੂੰ ਆਪਣੀ ਸਮੱਸਿਆ ਦੱਸਦਿਆਂ ਕਿਹਾ ਕਿ ਮੈਂ 3 ਲੜਕੀਆਂ ਦਾ ਪਿਓ ਹਾਂ, ਦੱਸੋ ਮੇਰੀ ਕਿਸਮਤ ਵਿਚ ਲੜਕਾ ਹੈ? ਜੋਤਸ਼ੀ ਜੀ ਨੇ ਪੱਤਰੀ ਦੇਖ ਕੇ ਕਿਹਾ ,"ਚੌਥੀ ਔਲਾਦ ਲੜਕੇ ਦੇ ਰੂਪ ਵਿੱਚ ਹੋਵੇਗੀ,ਉਹ ਬਹੁਤ ਹੀ ਆਗਿਆਕਾਰੀ ਤੇ ਮਾਪਿਆਂ ਦਾ ਨਾਮ ਰੋਸ਼ਨ ਕਰਨ ਵਾਲਾ ਹੋਵੇਗਾ। ਉਪਾਅ ਕਰਵਾਉਣਾ ਪਵੇਗਾ।" ਉਸ ਤੋਂ ਬਾਅਦ ਉਹ ਵੀ ਵਾਪਸ ਸਾਡੇ ਕੋਲ ਆ ਗਿਆ। ਅਸੀਂ ਦੋਨੋਂ ਸਾਥੀਆਂ ਦੀ ਗੱਲ ਸੁਣਨ ਤੋਂ ਬਾਅਦ ਜੋਤਸ਼ੀ ਕੋਲ ਗਏ।ਉਸ ਕੋਲ ਦੋ ਪੜ੍ਹੀਆਂ ਲਿਖੀਆਂ ਔਰਤਾਂ ਬੈਠੀਆਂ ਸਨ। ਉਹ ਸਾਨੂੰ ਦੇਖ ਕੇ ਜਾਣ ਲੱਗੀਆਂ, ਸਾਡੀ ਬੇਨਤੀ ਤੇ ਉਹ ਰੁਕ ਗਈਆਂ। ਅਸੀਂ ਜੋਤਸ਼ੀ ਨੂੰ ਉਸ ਦਾ ਹੈਂਡਬਿਲ ਦਿਖਾਇਆ ਤੇ ਕਿਹਾ ,"ਤੁਸੀਂ ਲੋਕਾਂ ਦਾ ਵਰਤਮਾਨ, ਭੂਤਕਾਲ ਤੇ ਭਵਿੱਖ ਦੱਸਣ ਦਾ ਦਾਅਵਾ ਕੀਤਾ ਹੈ ਤੇ ਹਰ ਸਮੱਸਿਆ ਦੇ ਸਮਾਧਾਨ ਲਈ ਵੀ ਕਿਹਾ ਹੈ। ਸਭ ਤੋਂ ਪਹਿਲਾਂ ਇਹ ਪਟਵਾਰੀ ਤੁਹਾਡੇ ਕੋਲ ਆਇਆ ਤੁਸੀਂ ਕਿਹਾ ਕਿ ਇਸਦੀ ਕਿਸਮਤ ਵਿੱਚ ਸਰਕਾਰੀ ਨੌਕਰੀ ਨਹੀਂ ਤੇ ਔਲਾਦ ਬਾਰੇ ਪੁੱਛਣ ਤੇ ਤੁਸੀਂ ਕਿਹਾ ਪਹਿਲੀ ਔਲਾਦ ਲੜਕਾ ਹੋਵੇਗਾ । ਚਮਕੌਰ ਸਿੰਘ ਨੂੰ ਸਾਹਮਣੇ ਕਰਦਿਆਂ ਕਿਹਾ ਕਿ ਇਹ ਵਿਅਕਤੀ ਵੀ ਤੁਹਾਡੇ ਕੋਲ ਆਇਆ ਸੀ ਇਸ ਦੇ ਔਲਾਦ ਬਾਰੇ ਪੁੱਛਣ ਤੇ ਤੁਸੀਂ ਕਿਹਾ ਕਿ ਇਸ ਦੇ ਘਰੇ ਬਹੁਤ ਛੇਤੀ ਲੜਕਾ ਆਉਣ ਵਾਲਾ ਹੈ।" ਜੋਤਸ਼ੀ ਤੋਂ ਹਾਂ ਭਰਵਾਉਣ ਤੋਂ ਬਾਅਦ,ਅਸੀਂ ਕਿਹਾ ," ਇਹ ਪਹਿਲਾ ਵਿਅਕਤੀ 4 ਸਾਲ ਤੋਂ ਸਰਕਾਰੀ ਨੌਕਰੀ ਵਿੱਚ ਹੈ ਤੇ ਇਸ ਦੇ ਘਰ ਪਹਿਲੀ ਲੜਕੀ ਪੈਦਾ ਹੋਈ ਹੈ।ਦੂਜਾ ਵਿਅਕਤੀ ਜਿਸ ਦੇ ਬਾਰੇ ਤੁਸੀ ਕਿਹਾ ਕਿ ਛੇਤੀ ਲੜਕਾ ਆਉਣ ਵਾਲਾ ਹੈ,ਇਸ ਦਾ ਤਾਂ ਅਜੇ ਵਿਆਹ ਵੀ ਨਹੀਂ ਹੋਇਆ। ਤੁਸੀਂ ਭਵਿੱਖ ਦੱਸਣ ਦਾ ਦਾਅਵਾ ਕਰਦੇ ਹੋਂ ਪਰ ਇਥੇ ਤਾਂ ਕੁੱਝ ਵੀ ਸੱਚ ਨਹੀਂ।" ਉਸ ਕਿਹਾ ਤੁਹਾਨੂੰ ਪਤਾ ਹੈ, ਸਾਡੇ ਕੋਲ ਕੁੱਝ ਨਹੀਂ, ਮਸਾਲਾ ਲਾ ਕੇ ਗੱਲਾਂ ਰੱਖਣੀਆਂ ਪੈਂਦੀਆਂ ਹਨ। ਭਰਮਾਊ ਤੇ ਲਾਲਚ ਤੋਂ ਬਿਨਾਂ ਕੋਈ ਆਉਂਦਾ ਨਹੀਂ। "ਅਸੀਂ ਕਿਹਾ ,"ਲੋਕਾਂ ਨੂੰ ਗੁੰਮਰਾਹ ਨਾ ਕਰੋ,ਝੂਠ ਨਾ ਬੋਲੋ, ਝੂਠਾ ਪ੍ਰਚਾਰ ਨਾ ਕਰੋ, ਵਿਗਿਆਨਕ ਖੋਜਾਂ ਦੀ ਦੁਰਵਰਤੋ ਕਰਕੇ ਲੋਕਾਂ ਨੂੰ ਭਰਮਾਓ ਨਾ ।" ਜੋਤਿਸ਼ ਦੀ ਗੱਲਾਂ , ਕੀਤੇ ਦਾਅਵਿਆਂ ਨੂੰ ਝੁਠਲਾ ਕੇ,ਗੈਰ ਵਿਗਿਆਨਕ ਸਿੱਧ ਕਰਕੇ ਅਸੀਂ ਹੇਠਾਂ ਇਕੱਠੇ ਹੋਏ ਲੋਕਾਂ ਨੂੰ ਕਿਹਾ ਕਿ ਸਾਡਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ, ਵੈਰ ਵਿਰੋਧ ਲੋਕਾਂ ਦੀ ਲੁੱਟ ਨਾਲ ਤੇ ਗੁੰਮਰਾਹ,ਭਰਮਾਊ ਪ੍ਰਚਾਰ ਨਾਲ ਹੈ, ਲੋਕਾਂ ਨਾਲ ਹੁੰਦੀ ਲੁੱਟ ਨਾਲ ਹੈ।ਰਜਿੰਦਰ ਭਦੌੜ ਨੇ ਲੋਕਾਂ ਨੂੰ ਜੋਤਸ਼ੀ ਦੇ ਦਾਅਵੇ ਵਾਲੇ ਹੈਂਡਬਿਲ ਲੋਕਾਂ ਨੂੰ ਦਿਖਾਉਂਦਿਆਂ ਕਿਹਾ," ਇਸ ਪਰਚੇ ਵਿੱਚ ਜੋਤਸ਼ੀ ਨੇ ਲੋਕਾਂ ਦਾ ਭੂਤ, ਵਰਤਮਾਨ ਤੇ ਭਵਿੱਖ ਦੱਸਣ ਦਾਅਵਾ ਕਰਦਿਆਂ ਹਰ ਸਮੱਸਿਆ, ਕੀਤੇ ਕਰਾਇਆ ਦਾ ਅਸਰ ਖਤਮ ਕਰਨ ਦਾ ਦਾਅਵਾ ਕੀਤਾ ਹੈ। ਅਸੀਂ ਇਹ ਦੋ ਸਾਥੀ ਇਸ ਕੋਲ ਭੇਜੇ ਸੀ,ਪਰਚੀ ਕਟਾਈ ਸੀ, ਜੋ ਪੁੱਛਿਆ ਸਭ ਗਲਤ ਦੱਸਿਆ। ਅਸੀਂ ਲੋਕਾਂ ਨੂੰ ਪੂਰੀ ਰਿਪੋਰਟਿੰਗ ਕੀਤੀ।ਅਸੀਂ ਕਿਹਾ ਜੋਤਿਸ਼ ਤੇ ਵਾਸਤੂਸ਼ਾਸਤਰ ਗੈਰ ਵਿਗਿਆਨਕ ਹਨ, ਕਿਸੇ ਵੀ ਜੋਤਸ਼ੀ, ਅਖੌਤੀ ਸਿਆਣੇ, ਤਾਂਤਰਿਕ, ਚੌਂਕੀ ਲਾਉਣ ਵਾਲੇ ਆਦਿ ਕੋਲ ਕੋਈ ਗੈਬੀ ਸ਼ਕਤੀ ਨਹੀਂ,ਜਿਸ ਨਾਲ ਕਿਸੇ ਦਾ ਭਲਾ ਕਰ ਸਕਣ, ਸਭ ਭਰਮਾਊ ਗੱਲਾਂ ਹੁੰਦੀਆਂ ਹਨ।ਆਪਣਾ ਸੋਚਣ ਢੰਗ ਵਿਗਿਆਨਕ ਬਣਾਓ, ਹਰ ਗਲ ਅਨੁਭਵ ਤੇ ਤਰਕ ਦੀ ਕਸੌਟੀ ਤੇ ਪਰਖ ਕੇ ਮੰਨੋ, ਲਾਈਲੱਗ ਨਾ ਬਣੋ। ਫ਼ਿਰ ਅਸੀਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਰੱਖੀਆਂ 23 ਸ਼ਰਤਾਂ ਬਾਰੇ ਵਿਸਥਾਰ ਪੂਰਵਕ ਇਕੱਠੇ ਹੋਏ ਲੋਕਾਂ ਨੂੰ ਦੱਸਦਿਆਂ ਕਿਹਾ ਕਿ ਉਪਰੋਕਤ ਸਾਰੀ ਕਿਸਮ ਦੇ ਧੰਦੇ ਕਰਨ ਵਾਲਿਆਂ ਨੂੰ ਪਿਛਲੇ ਕਈ ਸਾਲਾਂ ਤੋਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਖੁੱਲੀ ਚੁਣੌਤੀ ਦਿੱਤੀ ਹੋਈ ਹੈ ਕਿ ਉਹ ਆਪਣੀ ਗੈਬੀ ਸ਼ਕਤੀ ਨਾਲ ਸੁਸਾਇਟੀ ਦੀਆਂ ਰੱਖੀਆ 23 ਸ਼ਰਤਾਂ ਵਿੱਚੋਂ ਇਕ ਵੀ ਧੋਖਾ ਰਹਿਤ ਹਾਲਤਾਂ ਵਿੱਚ ਪੂਰੀ ਕਰ ਦੇਣ ਤਾਂ ਉਨਾਂ ਨੂੰ ਪੰਜ ਲੱਖ ਰੁਪਏ ਦਿਤੇ ਜਾਣਗੇ ਤੇ ਹੋਰ ਸੁਸਾਇਟੀਆਂ ਵੱਲੋਂ ਰੱਖੇ ਇਨਾਮਾਂ ਦੀ ਰਕਮ ਜੋੜ ਕੇ ਕਰੋੜਾਂ ਵਿੱਚ ਹੈ ਪਰ ਅੱਜ ਤਕ ਕੋਈ ਵੀ ਇਹ ਸ਼ਰਤ ਨਹੀ ਜਿੱਤ ਸਕਿਆ।ਇਨਾਂ ਸ਼ਰਤਾਂ ਵਿਚ ਸੀਲਬੰਦ ਕਰੰਸੀ ਨੋਟ ਦਾ ਨੰਬਰ ਦਸਣ ਜਾਂ ਉਸਦੀ ਨਕਲ ਪੈਦਾ ਕਰਨ,ਬਲਦੀ ਅੱਗ ਵਿੱਚ ਨੰਗੇ ਪੈਰੀਂ ਤੁਰ ਸਕੇ,ਪਾਣੀ ਤੇ ਚਲ ਸਕੇ,ਅਜਿਹੀ ਵਸਤੂ ਜੋ ਅਸੀਂ ਮੰਗੀਏ ਉਹ ਹਵਾ ਵਿਚੋਂ ਪੈਦਾ ਕਰ ਸਕੇ,ਛੁਪੀ ਜਾਂ ਛੁਪਾਈ ਚੀਜ ਲਭ ਸਕੇ,ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਦੇਵੇ ਜਾਂ ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਦੇਵੇ,ਸਰੀਰ ਦੇ ਅੰਗ ਨੂੰ ਇਕ ਇੰਚ ਵਧਾ ਸਕੇ,ਭੂਤ ਪ੍ਰੇਤ ਜਾਂ ਆਤਮਾ ਦੀ ਫੋਟੋ ਖਿੱਚ ਸਕੇ ਤੇ ਫਿਰ ਅਲੋਪ ਕਰੇ ਜਾਂ ਉਸਨੂੰ ਹਾਜ਼ਰ ਕਰੇ,ਪੁਨਰ ਜਨਮ ਤੌਰ ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ।ਆਪਣਾ ਸਰੀਰ ਇਕ ਥਾਂ ਤੋਂ ਦੂਜੀ ਥਾਂ ਬਿਨਾਂ ਛੱਡੇ ਲਿਜਾ ਸਕੇ,ਅੱਧੇ ਘੰਟੇ ਲਈ ਸਾਹ ਰੋਕ ਸਕੇ,ਘਰਾਂ ਵਿੱਚ ਖੂਨ ਦੇ ਛਿੱਟੇ,ਇੱਟਾਂ,ਰੋੜੇ ਡਿੱਗਣ ਪਿਛੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ ਆਦਿ।ਅੱਜ ਤੱਕ ਜੋਤਸ਼ੀਆਂ ਨੇ ਕਦੇ ਤੂਫਾਨ,ਭੁਚਾਲ, ਰੋਜ਼ਾਨਾ ਹੋ ਰਹੇ ਕਤਲਾਂ,ਹਾਦਸਿਆਂ, ਚੋਰੀਆਂ, ਡਾਕਿਆਂ ਬਾਰੇ ਭਵਿੱਖਬਾਣੀ ਨਹੀਂ ਕੀਤੀ ਤੇ ਨਾ ਹੀ ਕਰ ਸਕਣਗੇ। ਇਨ੍ਹਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਸਰਕਾਰਾਂ ਦਾ ਕੰਮ ਹੈ,ਪਰ ਉਹ ਇਸ ਸਮੱਸਿਆ ਪ੍ਰਤੀ ਗੰਭੀਰ ਨਹੀਂ ਹਨ,ਇਸ ਲਈ ਵਿਗਿਆਨਕ ਖੋਜਾਂ ਦੀ ਰਾਤ ਦਿਨ ਦੁਰਵਰਤੋਂ ਹੋ ਰਹੀ ਹੈ। ਅਸੀਂ ਲੋਕਾਂ ਨੂੰ ਇਨ੍ਹਾਂ ਅਖੌਤੀ ਸਿਆਣਿਆਂ, ਤਾਂਤਰਿਕਾਂ, ਜੋਤਸ਼ੀਆਂ ਦੇ ਭਰਮਾਂ ਦੇ ਮੱਕੜਜਾਲ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਉਜਾਲੇ ਵਿੱਚ ਆਉਣ ਦਾ ਸੁਨੇਹਾ ਦੇ ਕੇ ਆਪੋ ਆਪਣੇ ਘਰਾਂ ਨੂੰ ਰਵਾਨਾ ਹੋਏ।

## ਪੰਜਾਬ ਸਖੀ ਸ਼ਕਤੀ ਮੇਲੇ ਵਿੱਚ ਸਪੀਕਰ ਸੰਧਵਾਂ ਨੇ ਕੀਤੀ ਮੁੱਖ ਮਹਿਮਾਨ ਵਜੋਂ ਸ਼ਿਰਕਤ

### ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਕਰਨ ਲਈ ਕੀਤੇ ਜਾ ਰਹੇ ਹਨ ਲਗਾਤਾਰ ਉਪਰਾਲੇ : ਸਪੀਕਰ ਸੰਧਵਾਂ

### ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਮੇਲੇ ਵਿੱਚ ਸ਼ਿਰਕਤ ਕਰਨ ਦੀ ਕੀਤੀ ਅਪੀਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 17 ਜਨਵਰੀ : ਪੰਜਾਬ ਸਰਕਾਰ ਦੇ ਯਤਨਾਂ ਸਦਕਾ ਜ਼ਿਲ੍ਹਾ ਪ੍ਰਸ਼ਾਸਨ ਫ਼ਰੀਦਕੋਟ ਵੱਲੋਂ ਪੰਜਾਬ ਸਖੀ ਸ਼ਕਤੀ ਮੇਲੇ ਦਾ ਆਯੋਜਨ ਡਾ. ਹਰੀ ਸਿੰਘ ਸੇਵਕ ਸਕੂਲ ਆਫ਼ ਐਮੀਨੈਂਸ ਕੋਟਕਪੂਰਾ ਵਿਖੇ ਕੀਤਾ ਗਿਆ, ਜਿਸ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਸ਼ਮਾ ਰੌਸ਼ਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਪੀਕਰ ਸੰਧਵਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਮਾਗਮ ਲਈ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੇਲੇ ਵਿੱਚ ਹੱਥ ਕਲਾਕਾਰੀ, ਖਾਧ ਪਦਾਰਥ, ਘਰੇਲੂ ਵਰਤੋਂ ਦੀਆਂ ਵਸਤਾਂ, ਹੱਥ ਨਾਲ ਬਣੇ ਸਮਾਨ ਸਮੇਤ ਕਈ ਕਿਸਮ ਦੀ ਉੱਚ ਗੁਣਵੱਤਾ ਵਾਲੀ ਸਮਗਰੀ ਦੀਆਂ ਸਟਾਲਾਂ ਲਾਈਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਜਿਹੜੀਆਂ ਔਰਤਾਂ ਪਿੰਡਾਂ ਵਿੱਚ ਘਰਾਂ ਵਿੱਚ ਬੈਠ ਕੇ ਹੱਥ ਕਲਾਕਾਰੀ ਦਾ ਕੰਮ ਕਰਦੀਆਂ ਹਨ ਉਨ੍ਹਾਂ ਲਈ ਇਹ ਮੇਲਾ ਆਪਣਾ ਹੁਨਰ ਦਿਖਾਉਣ ਲਈ ਬਹੁਤ ਵਧੀਆ ਮੌਕਾ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਲੋਕਾਂ ਦਾ ਭਾਰੀ ਇੱਕਠ ਤੇ ਉਤਸ਼ਾਹ ਦੇਖਣ ਨੂੰ





ਮਿਲਿਆ। ਔਰਤਾਂ ਦੇ ਸਸ਼ਕਤੀਕਰਨ ਕਰਨ ਲਈ ਪੰਜਾਬ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਆਰਥਿਕ ਤੌਰ 'ਤੇ ਵੀ ਖੜੀ ਹੈ। ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਮੇਲੇ ਦੌਰਾਨ ਸਟਾਲਾਂ ਦਾ ਦੌਰਾ ਕੀਤਾ ਅਤੇ ਦੱਸਿਆ ਕਿ ਮੇਲੇ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਔਰਤਾਂ ਅਤੇ ਸਮਾਜਿਕ ਕਲਿਆਣ ਨਾਲ ਸੰਬੰਧਿਤ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ, ਤਾਂ ਜੋ ਜ਼ਿਲ੍ਹਾ ਵਾਸੀ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਆਯੋਜਨ 18 ਜਨਵਰੀ ਤੱਕ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰ ਸਮੇਤ ਮੇਲੇ ਵਿੱਚ ਸ਼ਿਰਕਤ ਕਰਕੇ ਸਥਾਨਕ ਉਤਪਾਦਾਂ ਦੀ ਖਰੀਦਦਾਰੀ ਕਰਦਿਆਂ ਜ਼ਿਲ੍ਹੇ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੰਦੀਪ ਮਲਹੋਤਰਾ ਨੇ ਮੁੱਖ ਮਹਿਮਾਨ ਤੇ ਪਤਵੰਤਿਆਂ ਨੂੰ ਜੀ ਆਇਆ ਕਿਹਾ। ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮੁੱਖ ਮਕਸਦ ਜਿਹੜੀਆਂ ਔਰਤਾਂ ਸੈਲਫ ਹੈਲਪ ਗਰੁੱਪ ਬਣਾ ਕੇ ਕੰਮ ਕਰਦੀਆਂ ਹਨ ਉਨ੍ਹਾਂ ਦੀ ਆਰਥਿਕ ਸਥਿੱਤੀ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਨੂੰ ਮੌਕੇ ਪ੍ਰਦਾਨ ਕਰਨਾ ਹੈ। ਇਸ ਤੋਂ ਇਲਾਵਾ ਘਰੇਲੂ ਔਰਤਾਂ ਨੂੰ ਵੀ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਵਿੱਚ ਕੁੱਲ 54 ਸਟਾਲਾਂ ਲਗਾਈਆਂ ਗਈਆਂ ਹਨ। ਜਿਸ ਵਿੱਚੋ ਜ਼ਿਲ੍ਹੇ ਦੇ ਨਾਲ ਸਬੰਧਤ 40 ਅਤੇ ਜ਼ਿਲ੍ਹੇ ਤੋਂ ਬਾਹਰ ਦੀਆਂ 12 ਅਤੇ ਰਾਜ ਤੋਂ ਬਾਹਰ ਦੀਆਂ ਦੋ ਸਟਾਲਾਂ ਜੋ ਕਿ ਸ੍ਰੀ ਨਗਰ ਤੋਂ ਹਨ, ਵੀ ਲਾਈਆਂ ਗਈਆਂ ਹਨ। ਇਸ ਮੌਕੇ ਨਟਰਾਜ ਰੰਗ ਮੰਚ ਕੋਟਕਪੂਰਾ ਵੱਲੋਂ ਰੰਗ ਹਰਜੀਤ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਨਾਟਕ ਬੰਬੀਹਾ ਬੋਲੇ ਖੇਡਿਆ ਗਿਆ। ਆਰਟ ਰੰਗ ਮੰਚ ਵੱਲੋਂ ਅਸਲਾਂ ਤੇ ਨਸਲਾਂ ਨਾਟਕ ਰਾਹੀਂ ਫਸਲਾਂ ਤੇ ਨਸਲਾਂ ਬਚਾਉਣ ਲਈ ਵਧੀਆ ਸੰਦੇਸ਼ ਦਿੱਤਾ ਗਿਆ। ਜਸਵੰਤ ਸਿੰਘ ਖੇਤੀਬਾੜੀ ਅਫ਼ਸਰ ਨੇ ਸੱਭਿਆਚਾਰਕ ਅਤੇ ਪਰਿਵਾਰਕ ਗੀਤਾਂ ਰਾਹੀਂ ਚੰਗਾ ਰੰਗ ਬੰਨਿਆ। ਇਸ ਮੌਕੇ ਸਕੂਲੀ ਵਿਦਿਆਰਥੀਆਂ ਵੱਲੋਂ ਪੰਜਾਬ ਦੇ ਸਭਿਆਚਾਰ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕੀਤੀਆਂ। ਮੰਚ ਸੰਚਾਲਨ ਦੀ ਭੂਮਿਕਾ ਜ਼ਿਲ੍ਹਾ ਗਾਈਡੈਂਸ ਐਂਡ ਕੌਂਸਲਰ ਜਸਬੀਰ ਸਿੰਘ ਜੱਸੀ ਵੱਲੋਂ ਨਿਭਾਈ ਗਈ।

## ਦਿੱਲੀ ਦੇ ਦਮਦਮਾ ਸਾਹਿਬ ਦਾ ਇਤਿਹਾਸ ਬਹੁਤ ਮਹੱਤਵਪੂਰਨ ਹੈ। ਇਹ ਗੁਰਦੁਆਰਾ ਸਿੱਖਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜਿਆ ਹੋਇਆ ਹੈ।

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ



ਇਤਿਹਾਸ: ਗੁਰੂ ਗੋਬਿੰਦ ਸਿੰਘ ਜੀ ਨੇ 1707 ਵਿੱਚ ਬਹਾਦਰ ਸ਼ਾਹ ਨਾਲ ਮੁਲਾਕਾਤ ਕੀਤੀ ਸੀ, ਜੋ ਕਿ ਬਾਅਦ ਵਿੱਚ ਦਿੱਲੀ ਦਾ ਬਾਦਸ਼ਾਹ ਬਣਿਆ। ਇਸ ਮੁਲਾਕਾਤ ਦੀ ਯਾਦ ਵਿੱਚ ਗੁਰਦੁਆਰਾ ਦਮਦਮਾ ਸਾਹਿਬ ਬਣਾਇਆ ਗਿਆ ਸੀ [1]। ਗੁਰਦੁਆਰਾ ਦਮਦਮਾ ਸਾਹਿਬ ਨਵੀਂ ਦਿੱਲੀ ਦੇ ਬਾਹਰਲੇ ਰਿੰਗ ਰੋਡ ਤੇ ਹਿਮਾਯੂੰ ਦੇ ਮਕਬਰੇ ਕੋਲ ਸਥਿਤ ਹੈ। ਇਹ ਪਾਵਨ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਦੀ ਅਲੌਕਿਕ ਸ਼ਖ਼ਸੀਅਤ ਦੀ ਯਾਦ ਦਿਵਾਉਂਦਾ ਹੈ [2]।

ਮਹੱਤਵ: ਗੁਰਦੁਆਰਾ ਦਮਦਮਾ ਸਾਹਿਬ ਸਿੱਖ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਸਥਾਨ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਯਾਦ ਵਿੱਚ ਬਣਾਇਆ ਗਿਆ ਹੈ।

16-1-2026, ਨੂੰ ਇੰਟਰਨੈਸ਼ਨਲ ਸਿੱਖ ਕੌਂਸਿਲ ਵੱਲੋਂ ਨਿਸ਼ਕਾਮ ਨਿਮਰਤਾ ਸਹਿਤ ਕੀਰਤਨ ਦਮਦਮਾ ਸਾਹਿਬ ਵਿਖੇ ਕੀਤਾ ਗਿਆ। ਕੌਂਸਿਲ ਦੇ ਚੇਅਰਮੈਨ ਬੀਬੀ ਤਰਵਿੰਦਰ ਕੌਰ ਖਾਲਸਾ ਜੀ ਤੇ ਉਹਨਾਂ ਦੇ ਜੱਥੇ ਨੇ ਬਹੁਤ ਹੀ ਰਸ ਭਿੰਨਾਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਵਿਚ ਬਸੰਤ ਰਾਗ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਕੀਤੀ ਗਈ। ਬਾਅਦ ਵਿਚ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਨੇ ਵੀ ਸੰਬੋਧਨ ਕੀਤਾ। ਬੀਬੀ ਖਾਲਸਾ ਜੀ ਦੀ ਬੇਹੱਦ ਕੌਸਿਸ਼ ਹੁੰਦੀ ਹੈ ਇਤਿਹਾਸਕ ਸਥਾਨਾਂ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹਰ ਗੁਰਦੁਆਰੇ ਜੋਂ ਇਤਿਹਾਸਕ ਹਨ ਆਪਣੀ ਸੰਗਤ ਨੂੰ ਵੀ ਦੱਸਿਆ ਜਾਵੇ ਇਹ ਗੁਰਦੁਆਰਾ ਸਾਹਿਬ ਵਿਖੇ ਵਾਸਤੇ ਕੀ ਇਤਿਹਾਸ ਹੈ। ਸੋ ਅਸੀਂ ਸਾਰੇ ਬੀਬੀ ਤਰਵਿੰਦਰ ਕੌਰ ਖਾਲਸਾ ਜੀ ਨਾਲ ਮਿਲ ਕੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ ਹਰਮੀਤ ਸਿੰਘ ਕਾਲਕਾ ਜੀ
ਜਰਨਲ ਸਕੱਤਰ ਸ, ਜਗਦੀਪ ਸਿੰਘ ਕਾਹਲੋਂ ਤੇ ਧਰਮ ਪ੍ਰਚਾਰ ਦੇ ਚੇਅਰਮੈਨ ਸ, ਜਸਮੀਤ ਸਿੰਘ ਕਰਨਹਾਰ ਜੀ ਦਾ ਸਾਡੇ ਸਾਰਿਆਂ ਵਲੋਂ ਬਹੁਤ ਬਹੁਤ ਧੰਨਵਾਦ ਕਰਦੇ ਹਾਂ ਜੀ। ਸੋ ਸਾਡੀ ਮਦਦ ਕਰਦੇ ਹਨ। ਸੋ ਕਿਉਂ ਮੰਦਾ ਆਖੀਏ ਦੀ ਲੜੀ ਵਾਰ ਕੀਰਤਨ ਨੂੰ ਅੱਗੇ ਵਧਾਉਣ ਲਈ ਸਹਿਮਤ ਹੁੰਦੇ ਰਹੇ ਹਨ। ਸਾਡੀ ਆਣ ਜਾਣ ਵਾਸਤੇ ਬੱਸ ਵੀ ਭੇਜਦੇ ਹਨ। ਇਸੇ ਤਰ੍ਹਾਂ ਸਾਨੂੰ ਵੀ ਸਹਿਯੋਗ ਦੀ ਲੋੜ ਹੈ। ਅਸੀਂ ਇਹ ਹੈ ਅਰਦਾਸ ਹੈ ਇਸੇ ਤਰ੍ਹਾਂ ਇਹ ਸਿੱਖ ਕੌਮ ਦੀ ਸੇਵਾ ਕਰਦੇ ਹੋਏ ਅੱਖ ਵਧਣ ਤੇ ਦੁਬਾਰਾ ਫਿਰ ਸਾਨੂੰ ਇਸੇ ਤਰ੍ਹਾਂ ਕੀਰਤਨ ਕਰਨ ਵਿਚ ਸਾਡਾ ਹੌਂਸਲਾ ਅਫ਼ਜ਼ਾਈ ਕਰਦੇ ਹਨ।

## 'ਖਾਲੀ ਪੰਨਾ'

ਵਰਲਡ ਪੰਜਾਬੀ ਟਾਈਮਜ਼ ਦੀਪ ਸਿੰਘ

ਤੇਰਾ ਦਰ ਜ਼ਿਆਰਤ ਸਾਡੀ, ਤੇਰਾ ਨਾਮ ਇਬਾਦਤ ਸਾਡੀ,
ਜ਼ਿਕਰ ਤੇਰਾ ਹਰ ਸੁਬਹੋ-ਸ਼ਾਮ, ਬਣ ਗਿਐ ਹੁਣ ਆਦਤ ਸਾਡੀ।

ਤੂੰ ਕੀ ਜਾਣੇ ਫਿਤਰਤ ਸਾਡੀ,ਪੱਥਰਾਂ ਜਿਹੀ ਖਸਲਤ ਸਾਡੀ।
ਹੁਣ ਤੇਰੇ ਹੋਗੇ ਤਾਂ ਤੇਰੇ ਈ ਰਹਿਣਾ , ਤੂੰ ਨਾ ਜਾਣੇ ਸ਼ਿੱਦਤ ਸਾਡੀ।

ਤੂੰ ਸ਼ੋਖ ਅਦਾਵਾਂ ਨਾਲ ਨਜ਼ਰ ਉਠਾ, ਤੇ ਨਿੰਮ੍ਹਾ ਜਿਹਾ ਮੁਸਕਾ,
ਸਾਡੀ ਅਦਾਬ ਦਾ ਜਵਾਬ ਦੇਵੇਂ ਪਰਤਾ,ਐਡੀ ਕਿੱਥੇ ਕਿਸਮਤ ਸਾਡੀ।

ਤੇਰੇ ਹੀ ਆਸਤਾਨੇ 'ਤੇ ਲਿਖਿਆ ਗਿਆ ਹੈ ਮੁਕੱਦਰ ਸਾਡਾ,
ਤੂੰ ਹੀ ਸਾਡਾ ਮੁਰਸ਼ਦ ਮਹਿਰਮ, ਤੂੰ ਹੀ ਹੈ ਹੁਣ ਅਕੀਦਤ ਸਾਡੀ।

ਤੇਰੇ ਸਿਆਦਤ-ਏ-ਇਸ਼ਕ ਹੇਠ, ਅਸੀਂ ਆਪਣਾ ਆਪ ਵਾਰਿਆ,
ਤੇਰੀ ਇੱਕ ਇਨਾਇਤ ਹੋਵੇ, ਇਹੀ ਹੈ ਬਸ ਰਿਆਸਤ ਸਾਡੀ।

ਕੀ ਲੈਣਾ ਅਸੀਂ ਦੁਨੀਆ ਦੇ ਤਖ਼ਤ-ਓ-ਤਾਜ ਕੋਲੋਂ,
ਤੇਰੇ ਦਰ ਦੀ ਗਦਾਈ ਹੀ, ਸਭ ਤੋਂ ਵੱਡੀ ਸਲਤਨਤ ਸਾਡੀ।

ਕਾਸਦ ਕੋਈ ਆਵੇ ਨਾ ਆਵੇ, ਤੇਰੀ ਖੁਸ਼ਬੂ ਹੀ ਕਾਫੀ ਹੈ,
ਤੇਰੇ ਹਿਜਰ ਦੇ ਸੋਗ ਵਿੱਚ ਵੀ, ਛਿਪੀ ਹੈ ਰਾਹਤ ਸਾਡੀ।

ਤਸੱਵੁਰ ਵਿੱਚ ਤੂੰ ਵਸਦਾ ਏਂ, ਅਕੀਦਤ ਵਿੱਚ ਤੂੰ ਰਹਿੰਦਾ ਏਂ,
ਤੇਰੇ ਬਿਨਾਂ ਤਾਂ 'ਖਾਲੀ ਪੰਨਾ' ਹੀ ਹਾਂ... ਇਹੀ ਹਕੀਕਤ ਸਾਡੀ।

ਤੇਰੇ ਬਾਝੋਂ ਅਸੀਂ ਰੋਹੀਏਂ ਉੱਘੀ ਕੰਡਿਆਲੀ ਥੋਹਰ ਵਾਂਗਰ,
ਤੂੰ ਸੰਗ ਹੋਵੇਂ ਅਸੀਂ ਲੱਖ ਬਰੋਬਰ,ਤੇਰੇ ਬਿਨਾ ਕੀ ਕੀਮਤ ਸਾਡੀ।